ਗੁਰੂ ਨਾਨਕ - ਸਬਦ ੧੯

ਅਸੰਖ ਜਪ ਅਸੰਖ ਭਾਉ ॥

ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੩

ਅਸੰਖ ਜਪ ਅਸੰਖ ਭਾਉ ॥
ਅਸੰਖ ਪੂਜਾ ਅਸੰਖ ਤਪ ਤਾਉ ॥
ਅਸੰਖ ਗਰੰਥ ਮੁਖਿ ਵੇਦ ਪਾਠ ॥
ਅਸੰਖ ਜੋਗ ਮਨਿ ਰਹਹਿ ਉਦਾਸ ॥
ਅਸੰਖ ਭਗਤ ਗੁਣ ਗਿਆਨ ਵੀਚਾਰ ॥
ਅਸੰਖ ਸਤੀ ਅਸੰਖ ਦਾਤਾਰ ॥
ਅਸੰਖ ਸੂਰ ਮੁਹ ਭਖ ਸਾਰ ॥
ਅਸੰਖ ਮੋਨਿ ਲਿਵ ਲਾਇ ਤਾਰ ॥
ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥੧੭॥

ਸਾਰ: ਵੰਨ ਸੁਵੰਨੀਆਂ ਧਾਰਾਵਾਂ ਸਾਨੂੰ ਯਾਦ ਦਿਵਾਉਂਦੀਆਂ ਹਨ ਕਿ ਸਾਰੀਆਂ ਪਰੰਪਰਾਵਾਂ ਅਤੇ ਮਾਰਗ ਨਿਆਰੇ ਹਨ। ਉਹ ਸਾਨੂੰ ਉਤਸ਼ਾਹਿਤ ਕਰਦੇ ਹਨ ਕਿ ਆਪਣੀ ਹੀ ਜੀਵਨ ਸ਼ੈਲੀ 'ਤੇ ਆਸਥਾ ਰੱਖਣ ਦੀ ਥਾਂ, ਗੰਭੀਰਤਾ ਨਾਲ ਜਾਂਚ ਰਾਹੀਂ ਕੁਦਰਤ ਦੇ ਸ਼ਕਤੀਸ਼ਾਲੀ ਅਜੂਬਿਆਂ ਨੂੰ ਬੁਕਲ ਵਿੱਚ ਲੈ ਕਾਇਨਾਤ ਦੀ ਸਮਝ ਪ੍ਰਾਪਤ ਕਰੀਏ।

ਅਸੰਖ ਜਪ ਅਸੰਖ ਭਾਉ ॥
ਭਗਤੀ ਦੀਆਂ ਅਣਗਿਣਤ ਵਿਧੀਆਂ ਅਤੇ  ਸ਼ਰਧਾ ਦੀਆਂ ਅਣਗਿਣਤ ਵਿਧੀਆਂ ਹਨ।

ਅਸੰਖ ਪੂਜਾ ਅਸੰਖ ਤਪ ਤਾਉ ॥
ਪੂਜਾ ਅਰਚਨ ਦੀਆਂ ਅਣਗਿਣਤ ਵਿਧੀਆਂ ਅਤੇ ਤਪੱਸਿਆ ਕਰਨ ਦੀਆਂ ਅਣਗਿਣਤ ਵਿਧੀਆਂ ਹਨ।

ਅਸੰਖ ਗਰੰਥ ਮੁਖਿ ਵੇਦ ਪਾਠ ॥

ਅਣਗਿਣਤ ਗ੍ਰੰਥ ਅਤੇ ਉਨ੍ਹਾਂ ਨੂੰ ਉਚਾਰਨ ਕਰਨ ਦੀਆਂ ਅਣਗਿਣਤ ਵਿਧੀਆਂ ਹਨ।

ਅਸੰਖ ਜੋਗ ਮਨਿ ਰਹਹਿ ਉਦਾਸ ॥

ਅਣਗਿਣਤ ਸੰਨਿਆਸੀ ਹਨ ਜੋ ਨਿਰਲੇਪਤਾ ਦਾ ਅਭਿਆਸ ਕਰਦੇ ਹਨ।

ਅਸੰਖ ਭਗਤ ਗੁਣ ਗਿਆਨ ਵੀਚਾਰ ॥

ਅਣਗਿਣਤ ਭਗਤ ਹਨ ਜੋ ਗਿਆਨ ਅਤੇ ਚਿੰਤਨ ਦੁਆਰਾ ਗੁਣਵਾਨ ਬਣਦੇ ਹਨ।

ਅਸੰਖ ਸਤੀ ਅਸੰਖ ਦਾਤਾਰ ॥

ਅਣਗਿਣਤ ਸੰਜਮਤਾ ਦਾ ਅਭਿਆਸ ਕਰਨ ਵਾਲੇ ਹਨ। ਅਣਗਿਣਤ ਹਨ ਜੋ ਉਦਾਰ ਦਾਤੇ ਹਨ।

ਅਸੰਖ ਸੂਰ ਮੁਹ ਭਖ ਸਾਰ ॥

ਅਣਗਿਣਤ ਸੂਰਬੀਰ ਯੋਧੇ ਹਨ ਜੋ ਟਕਰਾਵ ਦੇ ਨਤੀਜੇ ਭੁਗਤਦੇ ਹਨ।

ਅਸੰਖ ਮੋਨਿ ਲਿਵ ਲਾਇ ਤਾਰ ॥

ਅਣਗਿਣਤ ਰਿਸ਼ੀ ਹਨ ਜੋ ਨਿਰਵਿਘਨ ਇਕਾਗਰਤਾ ਵਿੱਚ ਚੁੱਪੀ ਸਾਧਦੇ ਹਨ।

ਕੁਦਰਤਿ ਕਵਣ ਕਹਾ ਵੀਚਾਰੁ ॥

ਕੁਦਰਤ ਵਿੱਚਲੀ ਵਿਭਿੰਨਤਾ ਦੀ ਸ਼ਕਤੀ ਨੂੰ ਕਿਵੇਂ ਸਮਝਿਆ ਜਾ ਸਕਦਾ ਹੈ?

ਵਾਰਿਆ ਨ ਜਾਵਾ ਏਕ ਵਾਰ ॥

ਇਸ ਦੀ ਵਿਸ਼ਾਲਤਾ ਨੂੰ ਇੱਕ ਪਲ ਲਈ ਵੀ ਘੇਰਿਆ ਨਹੀਂ ਜਾ ਸਕਦਾ।

ਜੋ ਤੁਧੁ ਭਾਵੈ ਸਾਈ ਭਲੀ ਕਾਰ ॥

ਜੋ ਵੀ ਕੁਦਰਤ ਦੁਆਰਾ ਨਿਰਧਾਰਤ ਕੀਤਾ ਗਿਆ ਹੈ ਉਹ ਸਰਬਤ ਦੇ ਭਲੇ ਲਈ ਉਮਦਾ ਕਰਮ ਹੈ।

ਤੂ ਸਦਾ ਸਲਾਮਤਿ ਨਿਰੰਕਾਰ ॥੧੭॥

ਸਰਬ-ਵਿਆਪਕ ਚੇਤਨਾ ਸਦੀਵੀ ਅਤੇ ਨਿਰਾਕਾਰ ਹੈ। (੧੭)

ਤੱਤ: ਗੁਰੂ ਨਾਨਕ ਕਹਿੰਦੇ ਹਨ ਕਿ ਕੁਦਰਤ ਵਿੱਚ ਅਣਗਿਣਤ ਰੂਪ ਹਨ, ਹਰ ਇੱਕ ਦੇ ਰਹਿਣ ਦਾ ਆਪਣਾ ਵੱਖਰਾ ਢੰਗ ਹੈ। ਰਚਨਾ ਦੀ ਵਿਸ਼ਾਲਤਾ ਅਤੇ ਜਟਿਲਤਾ ਸਾਡੀ ਸਮਝ ਤੋਂ ਬਾਹਰ ਹੈ। ਸਾਰੇ ਰੂਪ ਕੁਦਰਤ ਦੇ ਇੱਕੋ ਨਿਯਮਾਂ ਦੇ ਅਧੀਨ ਹਨ, ਜੋ ਸਰਬ-ਵਿਆਪਕ ਚੇਤਨਾ ਦੁਆਰਾ ਕਾਰੇ ਲੱਗੇ ਹੋਏ ਹਨ। ਇਹ ਆਪਸੀ ਮੇਲ ਅਨੇਕਤਾ ਵਿੱਚ ਏਕਤਾ ਨੂੰ ਪਰਿਭਾਸ਼ਿਤ ਕਰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**